**ਆਈ. ਸੀ. ਏ. ਆਰ. - ਕੇਂਦਰੀ ਕਪਾਹ ਖ਼ੋਜ ਸੰਸਥਾ, ਨਾਗਪੁਰ**

**ਨਰਮੇਂ - ਕਪਾਹ ਦੀ ਕਾਸ਼ਤ ਲਈ ਅੱਠਵੀਂ ਹਫ਼ਤਾਵਾਰੀ ਸਲਾਹ (30 ਜੁਲਾਈ ਤੋਂ 05 ਅਗਸਤ, 2026 ਤੱਕ)**

## ੳ. ਮਿੱਟੀ ਦੀ ਸਿਹਤ, ਖ਼ੁਰਾਕੀ ਤੱਤਾਂ, ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਬਾਰੇ ਆਮ ਜਾਣਕਾਰੀ:

ਨਰਮੇਂ-ਕਪਾਹ ਦੀ ਵਧੀਆ ਪੈਦਾਵਾਰ ਸੰਤੁਲਿਤ ਖ਼ੁਰਾਕ, ਜਲ ਪ੍ਰਬੰਧਨ, ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੀ ਸਰਗਰਮ ਨਿਗਰਾਨੀ-ਆਧਾਰਿਤ ਪ੍ਰਬੰਧਨ ਤੇ ਨਿਰਭਰ ਕਰਦੀ ਹੈ। ਏਕੀਕ੍ਰਿਤ ਫ਼ਸਲ ਪ੍ਰਬੰਧਨ ਦੀਆਂ ਤਕਨੀਕਾਂ ਨੂੰ ਸਹੀ ਤਰੀਕ਼ੇ ਨਾਲ਼ ਲਾਗੂ ਕਰਨ ਕਰਕੇ ਬੂਟਿਆਂ ਦਾ ਵਧੀਆ ਵਿਕਾਸ ਹੁੰਦਾ ਹੈ, ਖ਼ਰਚਾ ਘੱਟ ਹੁੰਦਾ ਹੈ ਅਤੇ ਇਹ ਫ਼ਸਲਾਂ ਨੂੰ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੇ ਮਾਰੂ ਪ੍ਰਭਾਵਾਂ ਤੋਂ ਬਚਾਉਂਦਾ ਹੈ।

### ਮਿੱਟੀ ਦੀ ਸਿਹਤ ਅਤੇ ਏਕੀਕ੍ਰਿਤ ਖ਼ੁਰਾਕੀ ਤੱਤ ਪ੍ਰਬੰਧਨ:

- **ਵੱਡੇ ਖ਼ੁਰਾਕੀ ਤੱਤਾਂ ਦੀ ਸੰਤੁਲਿਤ ਵਰਤੋਂ:** ਫ਼ਸਲ ਬਿਜਾਈ ਤੋਂ ਪਹਿਲਾਂ ਮਿੱਟੀ ਪਰਖ਼ ਦੇ ਅਧਾਰ ਤੇ ਰਸਾਇਣਿਕ ਖ਼ਾਦਾਂ ਦੀ ਸੰਤੁਲਿਤ ਵਰਤੋਂ ਕਰਕੇ, ਰੂੜੀ ਅਤੇ ਹਰੀ ਖ਼ਾਦ ਪਾ ਕੇ ਅਤੇ ਢੁਕਵਾਂ ਫ਼ਸਲ ਚੱਕਰ ਆਪਣਾ ਕੇ ਮਿੱਟੀ ਦੀ ਸਿਹਤ ਵਿੱਚ ਸੁਧਾਰ ਕਰੋ।

- **ਸੂਖ਼ਮ ਖ਼ੁਰਾਕੀ ਤੱਤਾਂ ਦੀ ਵਰਤੋਂ:** ਫ਼ਸਲ ਦੀ ਜ਼ਰੂਰਤ ਦੇ ਹਿਸਾਬ ਨਾਲ ਸੂਖ਼ਮ ਖ਼ੁਰਾਕੀ ਤੱਤਾਂ (ਜ਼ਿੰਕ, ਬੋਰੋਨ ਅਤੇ ਮੈਂਗਨੀਜ਼ ਆਦਿ) ਦੀ ਘਾਟ ਨੂੰ ਛਿੜਕਾਅ ਕਰਕੇ ਪੂਰਾ ਕਰੋ।

### ਏਕੀਕ੍ਰਿਤ ਬਿਮਾਰੀ ਪ੍ਰਬੰਧਨ:

- **ਫ਼ਸਲ ਨੂੰ ਬਿਮਾਰੀ ਲੱਗਣ ਤੋਂ ਬਚਾਅ:** ਮਿੱਟੀ ਵਿੱਚੋਂ ਅਤੇ ਪੱਤਿਆਂ ਤੇ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਜੈਵਿਕ ਖ਼ਾਦਾਂ, ਜੈਵਿਕ ਕੀਟਨਾਸ਼ਕਾਂ ਅਤੇ ਜੈਵਿਕ ਉੱਲੀਨਾਸ਼ਕਾਂ ਨਾਲ ਮਿੱਟੀ ਅਤੇ ਬੀਜ ਨੂੰ ਸੋਧ ਕੇ ਬਿਜਾਈ ਕਰਨ ਅਤੇ ਖ਼ੇਤਾਂ ਅਤੇ ਖ਼ੇਤਾਂ ਦੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖ ਕੇ ਫ਼ਸਲ ਨੂੰ ਬਿਮਾਰੀ ਲੱਗਣ ਤੋਂ ਬਚਾਅ ਕੀਤਾ ਜਾ ਸਕਦਾ ਹੈ ਅਤੇ ਇਸ ਨਾਲ ਫ਼ਸਲ ਦੀ ਸਿਹਤ ਵੀ ਵਧੀਆ ਹੁੰਦੀ ਹੈ।

- **ਪੱਤਿਆਂ ਤੇ ਲੱਗਣ ਵਾਲੀਆਂ ਬਿਮਾਰੀਆਂ ਤੇ ਕ਼ਾਬੂ ਪਾਉਣਾ:** ਵਧੇਰੇ ਮੀਂਹ ਅਤੇ ਨਮੀ ਵਾਲੇ ਦਿਨਾਂ ਵਿੱਚ ਫ਼ਸਲ ਦੀ ਲਗਾਤਾਰ ਨਿਗਰਾਨੀ ਕਰੋ। ਜਦੋਂ ਮੌਸਮ ਬਿਮਾਰੀ ਲੱਗਣ ਅਤੇ ਵਧਣ-ਫੁੱਲਣ ਦੇ ਅਨੁਕੂਲ ਹੋਵੇ ਓਦੋਂ ਸਿਫ਼ਾਰਿਸ਼ ਕੀਤੀਆਂ ਉੱਲੀਨਾਸ਼ਕ ਜ਼ਹਿਰਾਂ ਦਾ ਸੰਤੁਲਿਤ ਛਿੜਕਾਅ ਕਰੋ।

### ਏਕੀਕ੍ਰਿਤ ਕੀੜੇ-ਮਕੌੜਿਆਂ ਦਾ ਪ੍ਰਬੰਧ:

- **ਖ਼ੇਤਾਂ ਵਿੱਚ ਸਰਵੇਖ਼ਣ ਕਰੋ:** ਖ਼ੇਤਾਂ ਵਿੱਚ ਰਸ ਚੂਸਣ ਵਾਲੇ ਕੀੜਿਆਂ (ਜੂੰ, ਹਰੇ ਤੇਲੇ ਅਤੇ ਚਿੱਟੀ ਮੱਖੀ ਆਦਿ) ਅਤੇ ਸੁੰਡੀਆਂ ਦਾ ਹਫ਼ਤਾਵਾਰੀ ਸਰਵੇਖ਼ਣ ਕਰੋ।
- **ਟ੍ਰੈਪ ਲਗਾਓ ਅਤੇ ਜੈਵਿਕ ਕੀਟਨਾਸ਼ਕਾਂ ਦੀ ਵਰਤੋਂ ਕਰੋ:** ਫ਼ਸਲ ਦੇ ਸ਼ੁਰੂਆਤੀ ਦੌਰ ਵਿੱਚ ਸੁੰਡੀਆਂ ਦੇ ਭਮੱਕੜਾਂ ਦੀ ਨਿਗਰਾਨੀ ਲਈ ਫ਼ਿਰੋਮੋਨ ਟ੍ਰੈਪ ਲਗਾਓ, ਸੁੰਡੀਆਂ ਦੇ ਭਮੱਕੜਾਂ ਦੇ ਆਂਡੇ ਦੇਣ ਦੇ ਸਮੇਂ ਦਾ ਪਤਾ ਲਗਾਓ ਅਤੇ ਜੈਵਿਕ ਅਤੇ ਹੋਰ ਵਨਸਪਤੀ ਅਧਾਰਿਤ ਕੀਟਨਾਸ਼ਕਾਂ ਦਾ ਛਿੜਕਾਅ ਕਰੋ।

- **ਮਿੱਤਰ ਕੀੜਿਆਂ ਨੂੰ ਬਚਾਓ:** ਮਿੱਤਰ ਕੀੜਿਆਂ ਨੂੰ ਘੱਟ ਤੋਂ ਘੱਟ ਨੁਕਸਾਨ ਕਰਨ ਵਾਲੀਆਂ ਕੀਟਨਾਸ਼ਕਾਂ ਦਾ ਛਿੜਕਾਅ ਕਰੋ।
- **ਰਸਾਇਣਿਕ ਕੀਟਨਾਸ਼ਕ ਜ਼ਹਿਰਾਂ ਨੂੰ ਸੰਜਮ ਨਾਲ ਵਰਤੋ:** ਸਿਰਫ਼ ਸਿਫ਼ਾਰਿਸ਼ ਕੀਤੀਆਂ ਰਸਾਇਣਿਕ ਕੀਟਨਾਸ਼ਕ ਜ਼ਹਿਰਾਂ ਦੀ ਸਿਫ਼ਾਰਿਸ਼ ਕੀਤੀ ਮਾਤਰਾ ਦਾ ਕੀੜੇ ਦੇ ਆਰਥਿਕ ਪੱਧਰ ਤੋਂ ਵੱਧ ਹੋਣ ਤੇ ਹੀ ਛਿੜਕਾਅ ਕਰੋ।

## ਅ. ਖ਼ੇਤਰੀ ਸਲਾਹ:

| ਪੰਜਾਬ | | ਅਸਲ ਵਿੱਚ ਪਿਆ ਮੀਂਹ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.) | | | | | | | ਮੀਂਹ ਦੀ ਭਵਿੱਖਬਾਣੀ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.) | | | | |
|---|---|---|---|---|---|---|---|---|---|---|---|---|---|
| | | ਜੁਲਾਈ | | | | | | | ਜੁਲਾਈ / ਅਗਸਤ | | | | |
| | | 21 | 22 | 23 | 24 | 25 | 26 | 27 | 29 | 30 | 31 | 01 | 02 |
|  | ਫ਼ਿਰੋਜ਼ਪੁਰ | | | | | | | | 2.8 | 0.2 | 2.5 | 8.3 | 10.2 |
| | ਫ਼ਰੀਦਕੋਟ | 0 | 0.6 | 0 | 0 | 15.2 | | | 1.7 | 0.4 | 2.9 | 6.8 | 16.4 |
| | ਮੁਕਤਸਰ | | | | | | | | 1.1 | 0.2 | 2.2 | 6.8 | 13.3 |
| | ਬਠਿੰਡਾ | 11.6 | 0 | 11.8 | 7.2 | 1.6 | 0 | 0 | 1.3 | 0.6 | 6.5 | 4.7 | 14.5 |
| | ਸੰਗਰੂਰ | | | | | | | | 2.8 | 1.6 | 7.1 | 2.7 | 15.4 |
| | ਲੁਧਿਆਣਾ | 0 | 0 | 0 | 0 | 7.4 | 1.8 | 0 | 2.8 | 3.2 | 6.7 | 2.8 | 15.5 |
| ਮੀਂਹ ਦੀ ਮਾਤਰਾ ਅਤੇ ਰੰਗ ਕੋਡ | 0.1 to 2.4 ਮਿ. ਮੀ. | | | 2.5 to 15.5 ਮਿ. ਮੀ. | | | 15.6 to 64.4 ਮਿ. ਮੀ. | | | 64.5 to 115.5 ਮਿ. ਮੀ. | | 115.6 to 204.4 ਮਿ. ਮੀ. | |
| ਮੀਂਹ ਦੀ ਕਿਸਮ | ਬਹੁਤ ਹਲਕਾ ਮੀਂਹ | | | ਹਲਕਾ ਮੀਂਹ | | | ਮੱਧਮ ਦਰਜੇ ਦਾ ਮੀਂਹ | | | ਭਾਰਾ ਮੀਂਹ | | ਬਹੁਤ ਭਾਰਾ ਮੀਂਹ | |

**ਫ਼ਸਲ ਦੀ ਹਾਲਤ :**

ਬਠਿੰਡਾ ਵਿਖੇ ਫ਼ਸਲ 64 ਤੋਂ 84 ਦਿਨਾਂ ਦੀ ਹੋ ਗਈ ਹੈ ਅਤੇ ਫ਼ਸਲ ਤੇ ਫੁੱਲ ਅਤੇ ਟੀਂਡੇ ਬਣਨ ਲੱਗੇ ਹਨ। ਫ਼ਸਲ ਵਿੱਚ ਗੁਡਾਈ ਅਤੇ ਨਦੀਨ ਕੱਢਣ ਦਾ ਕੰਮ ਜਾਰੀ ਹੈ। ਜਿੱਥੇ ਫ਼ਸਲ ਫੁੱਲਾਂ ਤੇ ਹੈ ਉੱਥੇ 2 % ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ ਛਿੜਕਾਅ ਕੀਤਾ ਗਿਆ ਹੈ। ਖ਼ੇਤਾਂ ਵਿੱਚ ਚੁਲਾਈ, ਦੋਧਕ, ਤਾਂਦਲਾ, ਮਧਾਣਾ, ਮੋਥਾ, ਇੱਟਸਿਟ, ਖੱਬਲ ਅਤੇ ਚਿੱਬੜ ਆਦਿ ਨਦੀਨ ਦੇਖੇ ਗਏ ਹਨ। ਚਿੱਟੀ ਮੱਖੀ ਦੀ ਮਿਕਦਾਰ 3-21 ਪ੍ਰਤੀ ਤਿੰਨ ਪੱਤੇ; ਹਰਾ ਤੇਲਾ 01-09 ਪ੍ਰਤੀ ਤਿੰਨ ਪੱਤੇ; ਅਤੇ ਜੂੰ 03-13 ਪ੍ਰਤੀ ਤਿੰਨ ਪੱਤੇ ਦੇਖੀ ਗਈ ਹੈ। ਕੁੱਝ 'ਕੁ ਖ਼ੇਤਾਂ ਵਿੱਚ ਗੁਲਾਬੀ ਸੁੰਡੀ ਦਾ ਹਮਲਾ (ਫੁੱਲਾਂ ਵਿੱਚ 0-4 %) ਦੇਖਿਆ ਗਿਆ ਹੈ। ਖ਼ੇਤਾਂ ਵਿੱਚ ਬਿਮਾਰੀ ਦੇ ਲੱਛਣ ਨਹੀਂ ਦੇਖੇ ਗਏ।

ਫ਼ਰੀਦਕੋਟ ਵਿਖੇ ਫ਼ਸਲ 72-82 ਦਿਨਾਂ ਹੋ ਗਈ ਹੈ ਅਤੇ ਸਮੇਂ ਸਿਰ ਬੀਜੀ ਗਈ ਫ਼ਸਲ ਨੂੰ ਫੁੱਲ-ਡੋਡੀ ਲੱਗ ਰਹੀ ਹੈ। ਨਰਮੇਂ ਵਿੱਚ ਟਰੈਕਟਰ ਨਾਲ਼ ਅਤੇ ਹੱਥਾਂ ਨਾਲ਼ ਗੋਡੀ ਕੀਤੀ ਗਈ ਹੈ। ਨਰਮੇਂ ਦੀਆਂ ਕਤਾਰਾਂ ਵਿਚਕਾਰ ਬਚੇ ਹੋਏ ਨਦੀਨਾਂ ਨੂੰ ਹੱਥਾਂ ਨਾਲ਼ ਗੋਡੀ ਕਰ ਕੇ ਕੱਢ ਦਿੱਤਾ ਗਿਆ ਹੈ। ਕੁੱਝ 'ਕ ਥਾਵਾਂ ਤੇ ਪਹਿਲੀ ਸਿੰਚਾਈ ਕਰਨ ਤੋਂ ਬਾਅਦ ਜਾਂ ਮੀਂਹ ਪੈਣ ਤੋਂ ਬਾਅਦ ਇੱਟਸਿਟ ਅਤੇ ਤਾਂਦਲਾ ਵਰਗੇ ਨਦੀਨ ਉੱਗ ਆਏ ਹਨ, ਪਰ ਸਿਫਾਰਿਸ਼ ਕੀਤੇ ਤਰੀਕਿਆਂ ਨਾਲ਼ ਕ਼ਾਬੂ ਕਰ ਲਏ

ਹਨ। ਲਗਭਗ ਸਾਰੀਆਂ ਥਾਵਾਂ ਤੇ ਚਿੱਟੀ ਮੱਖੀ ਆਰਥਿਕ ਪੱਧਰ ਤੋਂ ਵੱਧ ਸੀ। ਸਾਰੀਆਂ ਥਾਵਾਂ ਤੇ ਜੂੰ ਦੀ ਮਿਕਦਾਰ ਬਹੁਤ ਜ਼ਿਆਦਾ (ਆਰਥਿਕ ਪੱਧਰ ਤੋਂ ਜ਼ਿਆਦਾ) ਸੀ ਅਤੇ ਪੱਤੇ ਚਾਂਦੀ ਰੰਗੇ ਅਤੇ ਖੜੇ ਹੋ ਰਹੇ ਸਨ, ਪ੍ਰੰਤੂ ਕੁੱਝ 'ਕ ਥਾਵਾਂ ਤੇ ਮੀਂਹ ਪੈਣ ਕਾਰਨ ਜੂੰ ਦੀ ਮਿਕਦਾਰ ਘੱਟ ਰਹੀ ਸੀ। ਕੁੱਝ 'ਕ ਥਾਵਾਂ ਤੇ ਤੰਬਾਕੂ ਸਟ੍ਰੀਕ ਵਿਸ਼ਾਣੂ ਦੀ ਬਿਮਾਰੀ ਦੇ ਲੱਛਣ ਵੀ ਘੱਟ ਮਿਕਦਾਰ ਵਿੱਚ ਦੇਖੇ ਗਏ ਹਨ। ਸਈਅਦ ਵਾਲਾ (ਅਬੋਹਰ) ਨੂੰ ਛੱਡ ਕੇ ਬਾਕੀ ਬਹੁਤੀਆਂ ਥਾਵਾਂ ਤੇ ਫੁੱਲਾਂ ਵਿੱਚ ਗੁਲਾਬੀ ਸੁੰਡੀ ਦਾ ਹਮਲਾ ਆਰਥਿਕ ਪੱਧਰ ਤੋਂ ਘੱਟ ਸੀ। ਕੁਝ ਖ਼ੇਤਾਂ ਵਿੱਚ ਫੁੱਲਾਂ ਅਤੇ ਫੁੱਲ-ਡੋਡੀ ਤੇ ਡਸਕੀ ਕੌਟਨ ਬੱਗ ਦਾ ਹਮਲਾ ਦੇਖਿਆ ਗਿਆ ਹੈ। ਕੁਝ ਖ਼ੇਤਾਂ ਵਿੱਚ ਫੁੱਲ-ਡੋਡੀ ਦਾ ਸੁੱਕਣਾ ਵੀ ਦੇਖਿਆ ਗਿਆ ਹੈ। ਦੇਸੀ ਕਪਾਹ ਦੇ ਖ਼ੇਤ ਚੰਗੀ ਹਾਲਤ ਵਿੱਚ ਸਨ ਅਤੇ ਜਿੱਥੇ 30-35 % ਫੁੱਲ-ਡੋਡੀ ਲਗਣੀ ਸ਼ੁਰੂ ਹੋ ਗਈ ਹੈ ਉੱਥੇ ਚਿਤਕਬਰੀ ਸੁੰਡੀ ਨੂੰ ਕਾਬੂ ਕਰਨ ਲਈ ਕੀਟਨਾਸ਼ਕ ਜ਼ਹਿਰਾਂ ਦਾ ਛਿੜਕਾਅ ਕਰਨ ਲਈ ਸਲਾਹ ਦਿੱਤੀ ਗਈ ਹੈ।

**ਸਲਾਹ :-**

ਬਠਿੰਡਾ ਵਿਖੇ ਆਮ ਤੌਰ ਤੇ ਫ਼ਸਲ ਠੀਕ ਹੈ। ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜ਼ਿਆਦਾ ਮੀਂਹ ਪੈਣ ਤੋਂ ਬਾਅਦ ਖ਼ੇਤਾਂ ਵਿਚੋਂ ਪਾਣੀ ਕੱਢ ਦੇਣ। ਖ਼ੇਤਾਂ ਵਿੱਚ ਅਤੇ ਆਲੇ-ਦੁਆਲੇ ਨਦੀਨਾਂ ਦੀ ਰੋਕਥਾਮ ਕਰੋ। ਫੁੱਲਾਂ ਤੇ ਆਈ ਫ਼ਸਲ ਨੂੰ ਨਾਈਟ੍ਰੋਜਨ ਦੀ ਸਿਫਾਰਸ਼ੀ ਦੂਜੀ ਖ਼ੁਰਾਕ ਪਾ ਦਿਓ। ਫੁੱਲ-ਡੋਡੀ ਤੇ ਆਈ ਫ਼ਸਲ ਵਿੱਚ ਹਫ਼ਤੇ ਦੇ ਵਕਫ਼ੇ ਤੇ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਚਾਰ ਛਿੜਕਾਅ ਕਰੋ। ਜੇ ਚਿੱਟੀ ਮੱਖੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਇਸ ਨੂੰ ਕਾਬੂ ਕਰਨ ਲਈ ਅਫੀਡੋਪਾਈਰਨ 50 ਡੀ ਸੀ @ 400 ਮਿਲੀਲੀਟਰ ਪ੍ਰਤੀ ਏਕੜ ਜਾਂ ਫਲੋਨਿਕਾਮਿਡ 50 ਡਬਲਯੂ ਜੀ @ 80 ਗ੍ਰਾਮ ਪ੍ਰਤੀ ਏਕੜ ਜਾਂ ਕਲੋਥਿਆਨਿਡਿਨ 50 ਡਬਲਯੂ ਡੀ ਜੀ @ 20 ਗ੍ਰਾਮ ਪ੍ਰਤੀ ਏਕੜ ਜਾਂ ਡਾਇਨੋਟਫੁਰਾਨ 20 ਐਸ ਜੀ @ 60 ਗ੍ਰਾਮ ਜਾਂ ਪਾਈਰੀਫਲੂਕਵਿਨਾਜ਼ੋਨ @ 200 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਕਰੋ। ਜੇ ਹਰਾ ਤੇਲਾ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਇਸ ਨੂੰ ਕਾਬੂ ਕਰਨ ਲਈ ਡਾਇਨੋਟੇਫੁਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਜਾਂ ਟੌਲਫੇਨਪਾਈਰਾਡ 15 ਈ ਸੀ @ 300 ਮਿਲੀਲੀਟਰ ਪ੍ਰਤੀ ਏਕੜ ਜਾਂ ਫੇਨਪਾਇਰੋਕਸੀਮੇਟ 5 ਈ ਸੀ @ 300 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਜੇ ਜੂੰ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਪ੍ਰੋਫ਼ੇਨੋਫੋਸ 50 ਈ. ਸੀ. @ 500 ਮਿਲੀਲੀਟਰ ਪ੍ਰਤੀ ਏਕੜ ਜਾਂ ਸਪਿੰਟੋਰਾਮ 11.7 ਐਸ ਸੀ @170 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਜਦੋਂ ਫ਼ਸਲ 60 ਦਿਨਾਂ ਦੀ ਹੋ ਜਾਵੇ ਉਦੋਂ ਜੂੰ ਅਤੇ ਗੁਲਾਬੀ ਸੁੰਡੀ ਨੂੰ ਕਾਬੂ ਕਰਨ ਲਈ ਪ੍ਰੋਫ਼ੇਨੋਫੋਸ 50 ਈ. ਸੀ. @ 500 ਮਿਲੀਲੀਟਰ ਪ੍ਰਤੀ ਏਕੜ ਅਤੇ ਚਿੱਟੀ ਮੱਖੀ ਨੂੰ ਕਾਬੂ ਕਰਨ ਲਈ ਫਲੋਨਿਕਾਮਿਡ 50 ਡਬਲਯੂ ਜੀ @ 80 ਗ੍ਰਾਮ ਪ੍ਰਤੀ ਏਕੜ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਜੇਕਰ ਨਰਮੇਂ ਦੇ ਖ਼ੇਤਾਂ ਵਿੱਚ ਚਿੱਟੀ ਮੱਖੀ ਦੇ ਬਾਲਗਾਂ ਦੀ ਸੰਖਿਆ 4-6 ਬਾਲਗ ਪ੍ਰਤੀ ਪੱਤਾ ਹੋਵੇ ਤਾਂ ਨਿੰਮ ਆਧਾਰਿਤ ਕੀਟਨਾਸ਼ਕ ਜਿਵੇਂ ਕਿ ਨਿੰਬੀਸਿਡਿਨ @ 1 ਲੀਟਰ ਪ੍ਰਤੀ ਏਕੜ ਜਾਂ ਨਿੰਮ ਦੀਆਂ ਨਿਮੋਲੀਆਂ ਤੋਂ ਬਣੇ ਘੋਲ ਦਾ 1200 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ (ਛਿੜਕਾਅ ਲਈ 200 ਲੀਟਰ ਪਾਣੀ ਪ੍ਰਤੀ ਏਕੜ ਵਰਤੋ)। ਗੁਲਾਬੀ ਸੁੰਡੀ ਦੀ ਨਿਗਰਾਨੀ ਲਈ ਖ਼ੇਤਾਂ ਵਿੱਚ ਘੱਟੋ-ਘੱਟ 2 ਫ਼ਿਰੋਮੋਨ ਟ੍ਰੈਪ ਪ੍ਰਤੀ ਏਕੜ ਲਗਾਓ। ਅਗੇਤੀ ਬੀਜੀ ਫ਼ਸਲ (ਅਪ੍ਰੈਲ ਦੇ ਪਹਿਲੇ ਪੰਦਰਵਾੜੇ ਵਿੱਚ), ਛਟੀਆਂ ਦੇ ਢੇਰਾਂ ਦੇ ਨੇੜੇ ਜਾਂ ਵਲਾਈ ਮਿੱਲਾਂ ਦੇ ਨੇੜੇ ਬੀਜੀ ਫ਼ਸਲ ਤੇ ਜਦੋਂ

| | | |
|---|---|---|
| | | ਹੀ 10-20 ਪ੍ਰਤਿਸ਼ਤ ਬੂਟਿਆਂ ਤੇ ਫੁੱਲ-ਡੋਡੀ ਨਜ਼ਰ ਆਵੇ ਤਾਂ ਉਦੋਂ ਹੀ ਗੁਲਾਬੀ ਸੁੰਡੀ ਨੂੰ ਕਾਬੂ ਕਰਨ ਲਈ ਸਿਫ਼ਾਰਿਸ਼ ਕੀਤੀਆਂ ਕੀੜੇਮਾਰ ਜ਼ਹਿਰਾਂ ਦਾ ਛਿੜਕਾਅ ਕਰੋ ਤਾਂ ਜੋ ਗੁਲਾਬੀ ਸੁੰਡੀ ਦੀ ਮਿਕਦਾਰ ਨਾ ਵਧ ਸਕੇ। ਗੁਲਾਬੀ ਸੁੰਡੀ ਨੂੰ ਕਾਬੂ ਕਰਨ ਲਈ ਅਗਲੇ ਛਿੜਕਾਅ ਫੁੱਲਾਂ ਅਤੇ ਹਰੇ ਟੀਂਡਿਆਂ ਵਿੱਚ 5 ਪ੍ਰਤਿਸ਼ਤ ਨੁਕਸਾਨ ਤੇ ਹੀ ਕਰੋ। ਜੇਕਰ ਖ਼ੇਤ ਵਿੱਚ ਭੰਬੀਰੀ ਵਰਗੇ ਫੁੱਲ ਹੋਣ ਤਾਂ ਉਹਨਾ ਨੂੰ ਤੋੜ ਕੇ ਨਸ਼ਟ ਕਰ ਦਿਓ। ਫੁੱਲਾਂ ਤੇ ਆਈ ਫ਼ਸਲ ਦੀ ਨਿਗਰਾਨੀ ਕਰੋ ਅਤੇ ਜੇਕਰ ਗੁਲਾਬੀ ਸੁੰਡੀ ਦਾ ਹਮਲਾ ਆਰਥਿਕ ਪੱਧਰ (5% ਹਰੇ ਟੀਂਡਿਆਂ ਵਿੱਚ) ਤੋਂ ਵੱਧ ਹੋਵੇ ਤਾਂ ਇਮਾਮੇਕਟਿਨ ਬੇਨਜ਼ੋਏਟ 5 ਐਸ. ਜੀ. @ 100 ਗ੍ਰਾਮ ਪ੍ਰਤੀ ਏਕੜ ਜਾਂ ਸਪਿੰਟੋਰਾਮ 11.7 ਐਸ. ਸੀ. @ 170 ਮਿਲੀਲੀਟਰ ਪ੍ਰਤੀ ਏਕੜ ਦਾ 200 ਲੀਟਰ ਪਾਣੀ ਵਿੱਚ ਘੋਲ ਬਣਾ ਕੇ ਛਿੜਕਾਅ ਕਰੋ। ਜੇਕਰ ਖ਼ੇਤ ਵਿੱਚ ਪੈਰਾਵਿਲਟ ਦੀਆਂ ਮੁਢਲੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਇਸ ਦੀਆਂ ਮੁਢਲੀਆਂ ਨਿਸ਼ਾਨੀਆਂ ਦੇਖਦੇ ਸਾਰ ਹੀ, ਉਹਨਾਂ ਬੂਟਿਆਂ ਉੱਪਰ ਕੋਬਾਲਟ ਕਲੋਰਾਈਡ @1 ਗ੍ਰਾਮ ਪ੍ਰਤੀ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ਅਤੇ 5-7 ਦਿਨਾਂ ਦੇ ਅੰਦਰ-ਅੰਦਰ ਇਸ ਛਿੜਕਾਅ ਨੂੰ ਦੁਹਰਾਓ।<br><br>ਫ਼ਰੀਦਕੋਟ ਵਿਖੇ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜ਼ਿਆਦਾ ਮੀਂਹ ਪੈਣ ਤੋਂ ਬਾਅਦ ਖ਼ੇਤਾਂ ਵਿਚੋਂ ਪਾਣੀ ਕੱਢ ਦੇਣ ਕਿਉਂਕਿ ਨਰਮੇਂ ਦੀ ਫ਼ਸਲ ਖੜੇ ਪਾਣੀ ਨੂੰ ਨਹੀਂ ਸਹਾਰ ਸਕਦੀ। ਜ਼ਿਆਦਾ ਮੀਂਹ ਪੈਣ ਤੋਂ ਬਾਅਦ ਜਾਂ ਖ਼ੇਤਾਂ ਨੂੰ ਪਾਣੀ ਦੇਣ ਤੋਂ ਬਾਅਦ ਕੁਝ ਬੂਟੇ ਪੈਰਾਵਿਲਟ ਕਾਰਨ ਮੁਰਝਾ ਸਕਦੇ ਹਨ। ਪੈਰਾਵਿਲਟ ਦੀਆਂ ਮੁਢਲੀਆਂ ਨਿਸ਼ਾਨੀਆਂ ਦੇਖਦੇ ਸਾਰ ਹੀ, ਉਹਨਾਂ ਬੂਟਿਆਂ ਉੱਪਰ ਕੋਬਾਲਟ ਕਲੋਰਾਈਡ @1 ਗ੍ਰਾਮ ਪ੍ਰਤੀ 100 ਲਿਟਰ ਪਾਣੀ ਦਾ ਪ੍ਰਭਾਵਿਤ ਬੂਟਿਆਂ ਤੇ ਛਿੜਕਾਅ ਕਰੋ। ਖ਼ੇਤ ਦੀ ਮਿੱਟੀ ਦੀ ਕਿਸਮ ਦੇ ਹਿਸਾਬ ਨਾਲ਼ ਅਤੇ ਜੂੰ ਨੂੰ ਕਾਬੂ ਕਰਨ ਲਈ ਫ਼ਸਲ ਬਿਜਾਈ ਦੇ 4-6 ਹਫ਼ਤੇ ਬਾਅਦ ਪਹਿਲਾ ਪਾਣੀ ਲਾਉ। ਮਿੱਟੀ ਦੀ ਕਿਸਮ ਅਤੇ ਨਮੀ ਦੀ ਸਥਿਤੀ ਅਨੁਸਾਰ ਕੁੱਲ 120 ਕਿੱਲੋ ਯੂਰੀਆ ਪ੍ਰਤੀ ਏਕੜ ਨੂੰ 2-3 ਬਰਾਬਰ ਭਾਗਾਂ ਵਿੱਚ ਵੰਡ ਕੇ ਪਾਓ। ਖ਼ਾਦ ਦੀ ਚੰਗੀ ਵਰਤੋਂ ਲਈ ਨਾਈਟ੍ਰੋਜਨ ਦੀ ਸਿਫਾਰਸ਼ੀ ਖ਼ੁਰਾਕ ਸਿੰਚਾਈ ਬਾਅਦ ਪਾਓ। ਸਿੰਚਾਈ ਤੋਂ ਪਹਿਲਾਂ ਨਾਈਟ੍ਰੋਜਨ ਖ਼ਾਦ (ਯੂਰੀਆ) ਦਾ ਛਿੱਟਾ ਮਾਰਨ ਤੋਂ ਗੁਰੇਜ਼ ਕਰੋ ਕਿਉਂਕਿ ਇਸ ਨਾਲ਼ ਖ਼ਾਦ ਜ਼ਮੀਨ ਵਿੱਚ ਡੂੰਘਾ ਚਲਾ ਜਾਂਦਾ ਹੈ ਅਤੇ ਜਿਸ ਦੇ ਨਤੀਜੇ ਵਜੋਂ ਜ਼ਮੀਨੀ ਪਾਣੀ ਦੂਸ਼ਿਤ ਹੁੰਦਾ ਹੈ। ਨਦੀਨਾਂ ਦੀ ਰੋਕਥਾਮ ਲਈ ਫ਼ਸਲ ਨੂੰ ਪਹਿਲਾ ਪਾਣੀ ਲਾਉਣ ਤੋਂ ਬਾਅਦ ਤਰ ਵੱਤਰ ਤੇ ਪਾਈਰੀਥੀਓਬੈਕ ਸੋਡੀਅਮ 6 ਪ੍ਰਤੀਸ਼ਤ + ਕੁਇਜ਼ਲੋਫੋਪ ਈਥਾਈਲ 4 ਪ੍ਰਤੀਸ਼ਤ @ 1250 ਮਿਲੀਲੀਟਰ ਪ੍ਰਤੀ ਹੈਕਟਰ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਬਦਲ ਦੇ ਤੌਰ ਤੇ ਉੱਗ ਰਹੇ ਨਦੀਨਾਂ ਨੂੰ ਕਾਬੂ ਕਰਨ ਲਈ ਟਰੈਕਟਰ ਨਾਲ ਚੱਲਣ ਵਾਲੇ ਟਿੱਲਰ / ਰੋਟਰੀ ਵੀਡਰ ਅਤੇ ਹੱਥਾਂ ਨਾਲ਼ ਗੋਡੀਆਂ ਕਰੋ। ਜੇਕਰ ਖ਼ੇਤ ਵਿੱਚ ਜੂੰ ਦਾ ਹਮਲਾ ਹੋਵੇ ਤਾਂ ਫ਼ਸਲ ਨੂੰ ਪਤਲਾ ਪਾਣੀ ਲਾਓ। ਜੇਕਰ ਹਮਲਾ ਵਧਦਾ ਹੋਵੇ ਤਾਂ ਪ੍ਰੋਫੇਨੋਫੋਸ 50 ਈ. ਸੀ. @ 500 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ (ਛਿੜਕਾਅ ਲਈ 200 ਲੀਟਰ ਪਾਣੀ ਪ੍ਰਤੀ ਏਕੜ ਵਰਤੋ)। ਗੁਲਾਬੀ ਸੁੰਡੀ ਦੀ ਨਿਗਰਾਨੀ ਲਈ ਗੋਸੀਪਲੋਰ ਵਾਲੇ ਫ਼ਿਰੋਮੋਨ ਟ੍ਰੈਪ / ਡੇਲਟਾ ਟ੍ਰੈਪ ਦੀ ਵਰਤੋਂ ਕਰੋ ਅਤੇ ਟ੍ਰੈਪ ਬੂਟਿਆਂ ਤੋਂ 15 ਸੈਂਟੀਮੀਟਰ ਉੱਪਰ ਲਗਾਓ। ਲਿਓਰ ਨੂੰ 15 ਦਿਨਾਂ ਬਾਅਦ ਬਦਲੋ ਅਤੇ 5 ਟ੍ਰੈਪ ਪ੍ਰਤੀ ਹੈਕਟਰ ਦੇ ਹਿਸਾਬ ਨਾਲ਼ ਵਰਤੋ। ਖ਼ੇਤਾਂ / ਨਹਿਰਾਂ ਆਦਿ ਦੇ ਆਲੇ-ਦੁਆਲੇ ਅਤੇ ਖ਼ਾਲੀ / ਬੰਜ਼ਰ ਖੇਤਰਾਂ ਨੂੰ ਕੰਘੀਬੂਟੀ ਅਤੇ ਪੀਲੀਬੂਟੀ ਵਰਗੇ ਨਦੀਨਾਂ ਤੋਂ ਮੁਕਤ ਰੱਖੋ, ਜਿਨ੍ਹਾਂ ਤੇ ਪੱਤਾ ਮਰੋੜ ਬਿਮਾਰੀ ਦੇ ਵਿਸ਼ਾਣੂ ਪਲਦੇ ਰਹਿੰਦੇ ਹਨ। ਤੰਬਾਕੂ |

| | | |
|---|---|---|
| | | ਸਟ੍ਰੀਕ ਵਿਸ਼ਾਣੂ ਦੀ ਬਿਮਾਰੀ - ਜੋ ਕਿ ਜੂੰ ਨਾਲ਼ ਫ਼ੈਲਦੀ ਹੈ - ਦੇ ਹਮਲੇ ਨੂੰ ਘੱਟ ਕਰਨ ਲਈ ਕਾਂਗਰਸੀ ਘਾਹ / ਗਾਜਰ ਬੂਟੀ ਨੂੰ ਨਸ਼ਟ ਕਰੋ ਅਤੇ ਖ਼ੇਤਾਂ ਨੂੰ ਸਾਫ਼ - ਸੁਥਰਾ ਰੱਖੋ ਅਤੇ ਜੂੰ ਨੂੰ ਕ਼ਾਬੂ ਕਰਨ ਲਈ ਸਿਫ਼ਾਰਿਸ਼ ਕੀਤੀਆਂ ਕੀਟਨਾਸ਼ਕ ਜ਼ਹਿਰਾਂ ਦਾ ਛਿੜਕਾਅ ਕਰੋ। |